# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਅੰਮ੍ਰਿਤਸਰ

ਵੱਲ

ਸਮੂਹ ਸਕੂਲ ਮੁੱਖੀ
ਮਿਡਲ / ਹਾਈ / ਸੀਨੀਅਰ ਸੈਕੰਡਰੀ ਸਕੂਲ
ਜ਼ਿਲ੍ਹਾ ਅੰਮ੍ਰਿਤਸਰ

ਪੱਤਰ ਨੰ : 23780 ਮਿਤੀ : 12-05-2016

ਵਿਸ਼ਾ : ਸਮੂਹ ਸਕੂਲਾਂ ਦਾ ਰਿਕਾਰਡ ਈ-ਪੰਜਾਬ ਪੋਰਟਲ ਵਿੱਚ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮੁੱਖ ਦਫ਼ਤਰ ਦੇ ਮੀਮੋ ਨੰ ਸਸਅ/2016/ਐਮ.ਆਈ.ਐਸ./ ਜਨਰਲ / 5733 ਮਿਤੀ :ਚੰਡੀਗੜ੍ਹ 4 ਮਾਰਚ 2016 ਅਨੁਸਾਰ ਸਮੂਹ ਸਕੂਲਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਸਕੂਲ ਨਾਲ ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜਰੀ ਈ-ਪੰਜਾਬ ਸਕੂਲ ਪੋਰਟਲ ਵਿਚ ਅਪਡੇਟ ਕਰਵਾਉਣ। ਇਸ ਸਬੰਧੀ ਉਪਰੋਕਤ ਪੱਤਰ ਵਿੱਚ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹੇ ਦੇ ਸਮੂਹ ਸਰਕਾਰੀ / ਏਡਿਡ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਉਹਨਾਂ ਦੇ ਨੇੜਲੇ **ਹਾਈ ਅਤੇ ਸੀਨੀਅਰ ਸੈਕੰਡਰੀ ਨੋਡਲ ਸਕੂਲਾਂ** ਨਾਲ ਜੋੜ ਦਿੱਤਾ ਗਿਆ ਹੈ ਇਸ ਦੀ ਲਿਸਟ ਆਪ ਨੂੰ ਨਾਲ ਭੇਜੀ ਜਾ ਰਹੀ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਬਲਾਕ ਦੇ ਸਮੂਹ ਸਰਕਾਰੀ / ਏਡਿਡ ਸਕੂਲਾਂ ਨੂੰ ਇਸ ਸਬੰਧੀ ਜਾਣਕਾਰੀ ਦੇ ਦਿੱਤੀ ਜਾਵੇ ਅਤੇ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਰਿਕਾਰਡ ਮਿਤੀ 20.05.2016 ਤੱਕ ਪੂਰੀ ਤਰਾਂ ਅੱਪਡੇਟ ਕਰਵਾ ਲੈਣ ਅਤੇ ਨੋਡਲ ਸਕੂਲਾਂ ਅਧੀਨ ਲਗਾਏ ਗਏ ਸਕੂਲ ਆਪਣੇ ਨੋਡਲ ਸਕੂਲ ਨੂੰ ਇਹ ਸਰਟੀਫਿਕੇਟ ਦੇਣ ਕਿ ਉਹਨਾਂ ਦੇ ਸਕੂਲਾਂ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਸਾਰਾ ਰਿਕਾਰਡ ਈ-ਪੰਜਾਬ ਸਕੂਲ ਪੋਰਟਲ ਵਿੱਚ ਅਪਡੇਟ ਕਰਵਾ ਦਿੱਤਾ ਗਿਆ ਹੈ। ਇਸ ਉਪਰੰਤ ਜੇਕਰ ਕਿਸੇ ਕਿਸਮ ਦੀ ਕਮੀ ਪਾਈ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ਕਿਉਂਕਿ ਭਵਿਖ ਵਿੱਚ ਇਸ ਰਿਕਾਰਡ ਦੀ ਮੋਨੀਟਰਿੰਗ ਮੁੱਖ ਦਫ਼ਤਰ ਵਲੋਂ ਕੀਤੀ ਜਾਣੀ ਹੈ।

ਇਹ ਕੰਮ ਬਹੁਤ ਹੀ ਮਹੱਤਵਪੂਰਣ ਅਤੇ ਮਿਤੀ ਬੱਧ ਹੈ ਇਸ ਲਈ ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ।

14/5/16

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਅੰਮ੍ਰਿਤਸਰ